# ਮੇਰਾ ਟੀਕਾਕਰਨ ਰਿਕਾਰਡ

ਮੇਰਾ ਟੀਕਾਕਰਨ ਰਿਕਾਰਡ ਕੈਲੀਫੋਰਨੀਆ ਦੇ ਨਿਵਾਸੀਆਂ ਨੂੰ ਆਪਣੇ CDC ਦੇ ਕੋਵਿਡ-19 ਦੇ ਟੀਕਾਕਰਨ ਕਾਰਡ ਦਾ ਇੱਕ ਡਿਜਿਟਲ ਸੰਸਕਰਨ ਡਾਉਨਲੋਡ ਕਰਨ ਦਿੰਦਾ ਹੈ।

ਇਸ ਡਿਜਿਟਲ ਰਿਕਾਰਡ ਵਿੱਚ ਉਹੀ ਜਾਨਕਾਰੀ ਸ਼ਾਮਲ ਹੁੰਦੀ ਹੈ ਜਿਹੜੀ ਕਿ ਕਾਗਜ਼ੀ ਟੀਕਾਕਰਨ ਕਾਰਡ ਤੇ ਹੁੰਦੀ ਹੈ। ਇਹ QR ਕੋਡ ਇਹ ਪੁਸ਼ਟੀ ਕਰਦਾ ਹੈ ਕਿ ਟੀਕਾਕਰਨ ਰਿਕਾਰਡ ਸਟੇਟ ਔਫ਼ ਕੈਲੀਫੋਰਨੀਆ ਦੁਆਰਾ ਅਧਿਕਾਰਿਕ ਤੌਰ ਤੇ ਜਾਰੀ ਕੀਤਾ ਗਿਆ ਹੈ।




## ਆਸਾਨੀ ਨਾਲ ਪਹੁੰਚਯੋਗ

ਨਾਮ, ਜਨਮ ਦੀ ਤਾਰੀਖ਼, ਮੋਬਾਇਲ ਫੋਨ ਨੰਬਰ ਜਾਂ ਈਮੇਲ ਦਰਜ ਅਕ੍ਰੋ ਅਤੇ ਇੱਕ 4 ਅੰਕਾਂ ਵਾਲਾ ਪਿਨ ਬਣਾਓ। ਪਿਨ ਨੂੰ ਦੁਬਾਰਾ ਦਾਖਲ ਕਰਕੇ ਰਿਕਾਰਡ ਮੁੜ ਪ੍ਰਾਪਤ ਕਰੋ।

ਰਿਕਾਰਡ ਨੂੰ ਕੈਮਰਾ ਰੋਲ ਤੇ ਜਾਂ ਇੱਕ ਐਪ ਵਿੱਚ ਸੁਰੱਖਿਅਤ ਕਰੋ।

## ਇਸਤੇਮਾਲ ਵਿੱਚ ਆਸਾਨ

ਜਿੱਥੇ ਵੀ ਟੀਕਾਕਰਨ ਦਾ ਸਬੂਤ ਦਿਖਾਉਣ ਦੀ ਲੋੜ ਹੋਵੇ, ਉੱਥੇ ਰਿਕਾਰਡ ਪੇਸ਼ ਕਰੋ।

ਡਿਜਿਟਲ ਰਿਕਾਰਡ ਵਿੱਚ ਸਕੈਨ ਕਰਨ ਯੋਗ QR ਕੋਡ ਅਤੇ ਉਹ ਵੇਰਵੇ ਸ਼ਾਮਲ ਹੁੰਦੇ ਹਨ ਜਿਨ੍ਹਾਂ ਦੀ ਬਿਨਾਂ QR ਰੀਡਰ ਦੇ ਦੇਖ ਕੇ ਪੁਸ਼ਟੀ ਕੀਤੀ ਜਾ ਸਕਦੀ ਹੈ।

## ਇਹ ਕਿਵੇਂ ਕੰਮ ਕਰਕਦਾ ਹੈ

ਪੋਰਟਲ ਕੈਲੀਫੋਰਨੀਆ ਦੀ ਅਧਿਕਾਰਿਤ ਟੀਕਾਕਰਨ ਰਜਿਸਟਰੀ ਤੋਂ ਰਿਕਾਰਡ ਬਣਾਉਂਦਾ ਹੈ। ਨਾਮ, ਜਨਮ ਦੀ ਤਾਰੀਖ਼ ਅਤੇ ਸੰਪਰਕ ਜਾਣਕਾਰੀ ਨੂੰ ਮਿਲਾ ਕੇ, ਪੋਰਟਲ ਕੈਲੀਫੋਰਨੀਆ ਦੇ ਟੀਕਾਕਰਨ ਦੇ ਸਬੂਤ, ਨਿਜੀ, ਸੁਵਿਧਾਜਨਕ ਅਤੇ ਸੁਰੱਖਿਅਤ ਰੂਪ ਵਿੱਚ ਪ੍ਰਾਪਤ ਕਰ ਸਕਦਾ ਹੈ।

SCAN ME

## ਸਮੱਸਿਆ ਦਾ ਨਿਪਟਾਰਾ

ਉਹ ਨਿਵਾਸੀ ਜੋ ਆਪਣੇ ਰਿਕਾਰਡ ਪ੍ਰਾਪਤ ਨਹੀਂ ਕਰ ਪਾਉਂਦੇ ਹਨ, ਉਨ੍ਹਾਂ ਨੂੰ ਸਹਾਇਤਾ ਲਈ ਆਪਣੇ ਪ੍ਰਦਾਤਾ ਜਾਂ CDPH ਨਾਲ ਸੰਪਰਕ ਕਰਨਾ ਚਾਹੀਦਾ ਹੈ।

Vaccinate ALL 58

California Department of Technology

CDPH California Department of Public Health

ਜੁਲਾਈ 2021 • © 2021, ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਪਬਲਿਕ ਹੈਲਥ